# ਵੇਦਾਂਤ ਅਤੇ ਗੁਰਮਤਿ ਵਿਚ ਬ੍ਰਹਮ: ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦਾ ਦ੍ਰਿਸ਼ਟੀਕੋਣ

**Jaspreet Kaur**

**Research Scholar,**

**Department of Religious Studies, Punjabi University, Patiala.**

ਧਰਮ ਦਰਸ਼ਨ ਵਿਚ ਸਭ ਤੋਂ ਪਹਿਲਾ ਜਿਸ ਬਾਰੇ ਵਿਚਾਰ ਕੀਤੀ ਜਾਂਦੀ ਹੈ ਉਹ ਬ੍ਰਹਮ ਜਾਂ ਪਾਰਬ੍ਰਹਮ ਹੈ। ਪਾਰਬ੍ਰਹਮ ਤੋਂ ਭਾਵ ਉਹ ਅਗਮ ਅਗੋਚਰ ਸ਼ਕਤੀ ਜੋ ਜਗਤ ਦੀ ਰਚਨਾ ਕਰ ਕੇ ਘਟ-ਘਟ ਵਿਚ ਵਿਆਪਕ ਹੈ। ਬ੍ਰਹਮ ਨੂੰ ਅਕਾਲਪੁਰਖ, ਵਾਹਿਗੁਰੂ, ਖੁਦਾ, ਗੋਪਾਲ, ਪਰਮੇਸ਼ਰ, ਪਰਵਦਗਾਰ, ਪਾਰਬ੍ਰਹਮ, ਈਸ਼ਵਰ,ਰਾਮ, ਰਹੀਮ, ਅੱਲਾ, ਅਕਾਲਪੁਰਖ ਆਦਿ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਭਾਰਤੀ ਦਰਸ਼ਨ ਦੀਆਂ ਲਗਭਗ ਸਾਰੀਆਂ ਸਾਖਾਵਾਂ ਨੇ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਕੇਵਲ ਸਾਂਖ ਸ਼ਾਸਤਰ ਪਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੈ ਕਿਉਂਕਿ ਉਸਦਾ ਮੰਨਣਾ ਹੈ ਕਿ ਪਰਮਾਤਮਾ ਨੂੰ ਸਿਧ ਨਹੀਂ ਕੀਤਾ ਜਾ ਸਕਦਾ। ਹਥਲੇ ਪਰਚੇ ਵਿਚ ਅਸੀਂ ਗੁਰਬਾਣੀ ਅਤੇ ਵੇਦਾਂਤ ਵਿਚ ਬ੍ਰਹਮ ਬਾਰੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੇ ਵਿਚਾਰਾਂ ਦੀ ਪੜਚੋਲ ਕਰ ਰਹੇ ਹਾਂ ਜਿਸ ਦਾ ਅਧਾਰ ਗਿਆਨੀ ਜੀ ਦੀ ਪੁਸਤਕ ਗੁਰਬਾਣੀ-ਵੇਦਾਂਤ ਨਿਰਣੈ ਨੂੰ ਬਣਾਇਆ ਗਿਆ ਹੈ।

ਵੇਦਾਂਤ[1] ਦਾ ਅਰਥ ਵੇਦਾਂ ਦਾ ਅੰਤ ਹੈ। ਵੇਦਾਂ ਦਾ ਅਖੀਰਲਾ ਭਾਗ ਹੋਣ ਕਰਕੇ ਇਸ ਸਿਧਾਂਤ ਦਾ ਨਾਮ ਵੇਦਾਂਤ ਪੈ ਗਿਆ। ਵੇਦਾਂਤ ਦਾ ਮੂਲ ਅਧਾਰ ਰਿਸ਼ੀ ਬਦਰਾਇਣ ਵਿਆਸ ਦੇ ਰਚੇ ਗ੍ਰੰਥ ਬ੍ਰਹਮਸੂਤ੍ਰ ਦੇ **555** ਸੂਤ੍ਰ ਹਨ। ਬ੍ਰਹਮਸੂਤ੍ਰ ਦੇ ਕਠਿਨ ਸ਼ੈਲੀ ਵਿਚ ਹੋਣ ਕਰਕੇ ਵਖ-ਵਖ ਭਾਸ਼ਕਾਰਾਂ ਨੇ ਆਪਣੇ-ਆਪਣੇ ਮਤ ਅਨੁਸਾਰ ਭਾਸ਼ ਕੀਤੇ। ਸਭ ਤੋਂ ਪਹਿਲਾਂ ਸ਼ੰਕਰ ਨੇ ਅਦ੍ਵੈਤ ਸਿਧਾਂਤ ਦਿਤਾ। ਇਸ ਤੋਂ ਮਗਰੋਂ ਰਾਮਾਨੁਜ, ਨਿੰਬਾਰਕ, ਮਧਵ ਅਤੇ ਬਲਭ ਨੇ ਵੀ ਭਾਸ਼ ਕੀਤੇ। ਸ਼ੰਕਰ ਦੇ ਅਦੈਵਤ ਸਿਧਾਂਤ ਨੂੰ ਬਹੁਤ ਪ੍ਰਸਿਧੀ ਮਿਲੀ।ਸ਼ੰਕਰ ਦੇ ਅਦ੍ਵੈਤ ਸਿਧਾਂਤ ਦਾ ਅਸਰ ਹੁਣ ਤਕ ਵੀ ਭਾਰਤੀ ਮਤਾਂ ਤੇ ਹੈ। ਗੁਰਮਤਿ[2] ਨਾਲ ਇਸਦੀ ਸਿਧਾਂਤਕ ਸਾਂਝ ਇੰਨੀ ਹੈ ਕਿ ਹੁਣ ਤਕ ਵਿਦਵਾਨ ਇਹੀ ਪ੍ਰਚਾਰ ਕਰਦੇ ਆਏ ਹਨ ਕਿ ਵੇਦਾਂਤ ਅਤੇ ਗੁਰਮਤਿ ਇਕੋ ਹੀ ਹਨ। ਡਾ. ਸ਼ੇਰ ਸਿੰਘ ਲਿਖਦੇ ਹਨ ਕਿ ਇਨ੍ਹਾਂ ਦੋਹਾਂ ਮਤਾਂ ਵਿਚ ਸਿਧਾਂਤਕ ਸਾਂਝ ਇੰਨੀ ਹੈ ਕਿ ਕਈ ਲਿਖਾਰੀ ਖਾਸ ਕਰ ਨਿਰਮਲੇ ਵਿਦਵਾਨ, ਹੁਣ ਤਕ ਇਹੀ ਪ੍ਰਗਟ ਕਰਦੇ ਹਨ ਕਿ ਗੁਰਮਤਿ ਤੇ ਅਦ੍ਵੈਤ ਵੇਦਾਂਤ ਦਾ ਸਿਧਾਂਤ ਇਕੋ ਹੈ।[3] ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦੇ ਪ੍ਰਚਾਰ ਲਈ ਅਤੇ ਗੁਰਬਾਣੀ ਦੇ ਗੂੜ੍ਹ ਗਿਆਨ ਲਈ ਪੰਜ ਸਿੰਘਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਸੰਸਕ੍ਰਿਤ ਅਤੇ ਦਾਰਸ਼ਨਿਕ ਵਿਦਿਆ ਹਾਸਿਲ ਕਰਨ ਲਈ ਕਾਸ਼ੀ ਭੇਜਿਆ ਤਾਂ ਜੋ ਦਾਰਸ਼ਨਿਕ ਢੰਗ ਨਾਲ ਪ੍ਰਚਾਰ ਕਰ ਸਕਣ। ਜਦੋਂ ਇਹ ਸਿੰਘ ਵਿਦਿਆ ਪ੍ਰਾਪਤ ਕਰ ਕੇ ਵਾਪਸ ਆਏ ਤਾਂ ਗੁਰੂ ਜੀ ਨੇ ਇਨ੍ਹਾਂ ਨੂੰ ਨਿਰਮਲੇ ਕਹਿ ਕੇ ਸੰਬੋਧਿਤ ਕੀਤਾ। ਭਾਵੇਂ ਇਹ ਵਿਦਵਾਨ ਗੁਰਮਤਿ ਦੇ ਧਾਰਨੀ ਸਨ ਪਰ ਇਨ੍ਹਾਂ ਦੇ ਪ੍ਰਚਾਰ ਤੇ ਵੇਦਾਂਤ ਦਾ ਪ੍ਰਭਾਵ ਸੀ। ਇਨ੍ਹਾਂ ਨੇ ਗੁਰਬਾਣੀ ਨੂੰ ਵੇਦਾਂਤਕ ਦ੍ਰਿਸ਼ਟੀਕੋਣ ਤੋਂ ਪ੍ਰਚਾਰਿਆਂ। ਇਨ੍ਹਾਂ ਵਿਦਵਾਨਾਂ ਦੀਆਂ ਸਾਹਿਤਕ ਕਿਰਤਾਂ ਤੇ ਵੀ ਵੇਦਾਂਤ ਦਾ ਪ੍ਰਭਾਵ ਸਪਸ਼ਟ ਰੂਪ ਚ ਨਜ਼ਰ ਆਉਂਦਾ ਹੈ। ਹੌਲੀ-ਹੌਲੀ ਸਮੇਂ ਦੇ ਨਾਲ ਇਨ੍ਹਾਂ ਵਿਦਵਾਨਾਂ ਨੂੰ ਗੁਰਬਾਣੀ ਦੀ ਮਹਾਨਤਾ ਦਾ ਅਨੁਭਵ ਹੋਇਆ ਅਤੇ ਇਹ ਨਿਰੋਲ ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਲਗ ਪਏ। ਗਿਆਨੀ ਬਲਵੰਤ ਸਿੰਘ ਕੋਠਾਗੁਰੂ ਜੀ ਵੀ ਨਿਰਮਲੇ ਵਿਦਵਾਨ ਹਨ। ਗਿਆਨੀ ਜੀ ਨਿਰਮਲੇ ਵਿਦਵਾਨਾਂ ਦੀ ਉਸ ਸ਼੍ਰੇਣੀ ਵਿਚੋਂ ਹਨ ਜਿਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਗੁਰਬਾਣੀ ਅਤੇ ਵੇਦਾਂਤ ਵਿਚ ਸਮਾਨਤਾ ਨਹੀਂ ਦਿਖਾਈ ਸਗੋਂ ਭਿੰਨਤਾ ਦਰਸਾਈ ਹੈ ਅਤੇ ਗੁਰਬਾਣੀ ਦੀ ਉਤਮਤਾਈ ਨੂੰ ਸਿਧ ਕੀਤਾ ਹੈ। ਵਖ-ਵਖ ਵਿਦਵਾਨਾਂ ਨੇ ਬ੍ਰਹਮ ਦੀਆਂ ਪਰਿਭਾਸ਼ਾਵਾਂ ਦਿਤੀਆਂ ਹਨ।

ਡਾ.ਤਾਰਨ ਸਿੰਘ ਅਨੁਸਾਰ ਪਰਮਸਤਿ ਦਾ ਸੰਕਲਪ ਇਹ ਬਣਦਾ ਹੈ ਕਿ ਉਹ ਸਚ ਹੈ, ਹਸਤੀ ਹੈ, ਨਿਰਗੁਣ ਤੇ ਸਰਗੁਣ ਹੈ, ਸਰਵਵਿਆਪਕ ਤੇ ਨਿਰਲੇਪ ਹੈ। ਕਰਤਾ ਹੈ ਤੇ ਭਰਤਾ ਹੈ, ਅਥਾਹ ਸੁੰਦਰ ਤੇ ਸਤਿ ਚਿਤ ਅਨੰਦ ਹੈ, ਪ੍ਰੇਮ ਰੂਪ ਹੈ, ਗੁਣੀ ਨਿਧਾਨ ਹੈ। ਇਹ ਸਾਰਾ ਚਿਤਰਨ ਮੂਲ ਮੰਤਰ ਦੀ ਸੀਮਾ ਵਿਚ ਹੈ।[4]

ਭਾਈ ਕਾਨ੍ਹ ਸਿੰਘ ਨਾਭਾ ਬ੍ਰਹਮ ਦਾ ਅਰਥ, "ਸਭ ਤੋਂ ਵਧਿਆ ਹੋਇਆ, ਕਰਤਾਰ, ਜਗਤ-ਨਾਥ ਵਾਹਗੁਰੂ ਅਤੇ ਤਤ੍ਵ ਸਾਰ ਤੋਂ ਲੈਂਦੇ ਹਨ।[5]

---

[1] ਗਿਆਨੀ ਬਲਵੰਤ ਸਿੰਘ ਵੇਦਾਂਤ ਦਾ ਅਰਥ ਵਿਅੰਗਆਤਮਕ ਰੂਪ ਵਿਚ ਵੇਦਾਂ ਦਾ ਅੰਤ ਕਰਦੇ ਹਨ। ਵੇਦ ਦਾ ਅਰਥ ਗਿਆਨ। ਇਸ ਤਰ੍ਹਾਂ ਵੇਦਾਂਤ ਦਾ ਅਰਥ ਗਿਆਨ ਦਾ ਅੰਤ ਬਣਿਆ ਹੈ। ਗਿਆਨ ਦਾ ਅੰਤ ਕਰਕੇ ਵੇਦਾਂਤ ਅਗਿਆਨ ਪੈਦਾ ਕਰਕੇ ਹਉਮੈ ਦਾ ਸਾਧਨ ਬਣਿਆ।

[2] ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤ ਦੇ ਅਰਥ ਸਤਿਗੁਰੂ ਦਾ ਸਿਧਾਂਤ, ਗੁਰੂ ਦਾ ਥਾਪਿਆ ਧਰਮ ਜਾਂ ਨਿਯਮ ਕਰਦੇ ਹਨ।

[3] ਪ੍ਰੋ.ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ, 2010, ਪੰਨਾ149.

[4] ਡਾ.ਤਾਰਨ ਸਿੰਘ, ਗੁਰੂ ਅੰਗਦ ਦੇਵ ਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975, ਪੰਨਾ65.

[5] ਭਾਈ ਕਾਨ੍ਹ ਸਿੰਘ ਨਾਭਾ,ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਜਲੰਧਰ, 2011, ਪੰਨਾ896.

ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਬ੍ਰਹਮ ਤੋਂ ਭਾਵ ਬ੍ਰਹਿਮੰਡ ਦੀ ਪਰਮ ਆਤਮਾ ਜੋ ਸ੍ਵੈ-ਭੂ, ਪੂਰਣ ਅਤੇ ਅਨਾਦੀ ਹੈ, ਜਿਸ ਵਿਚੋਂ ਸਾਰੀਆਂ ਵਸਤੂਆਂ ਉਤਪੰਨ ਹੋ ਕੇ ਉਸ ਵਚ ਹੀ ਸਮਾ ਜਾਂਦੀਆਂ ਹਨ। ਇਹ ਦੈਵੀ ਸਤਾ ਅਸ਼ਰੀਰੀ ਹੈ, ਅਭੇਤਕ ਹੈ, ਅਦਿਸ ਹੈ, ਅਸੀਮਿਤ ਹੈ ਅਤੇ ਉਨਾ ਚਿਰ ਇਸਨੂੰ ਜਾਣਿਆ ਨਹੀਂ ਜਾ ਸਕਦਾ ਜਿੰਨਾ ਚਿਰ ਆਤਮਾ ਤੋਂ ਅਗਿਆਨਤਾ ਦਾ ਪੜਦਾ ਨਹੀਂ ਹਟਦਾ।[6]

ਭਾਈ ਵੀਰ ਸਿੰਘ ਅਨੁਸਾਰ ਬ੍ਰਹਮ ਦਾ ਅਰਥ, "ਸਤ ਚਿੱਤ ਆਨੰਦ ਸਰੂਪ, ਕਾਰਣਾਂ ਦਾ ਕਾਰਣ, ਜੋ ਸ੍ਰਿਸ਼ਟੀ ਦਾ ਇਕ ਰਸ ਰਹਿਣ ਵਾਲਾ ਮੂਲ ਕਾਰਣ ਹੈ, ਜਿਸ ਤੋਂ ਸਭ ਕੁਝ ਪ੍ਰਕਾਸ਼ ਪਾਉਂਦਾ ਹੈ, ਅਕਾਲ ਪੁਰਖ, ਵਾਹਿਗੁਰੂ ਤੋਂ ਹੈ।[7]

ਡਾ.ਆਰ.ਡੀ ਨਿਰਾਕਾਰੀ ਅਨੁਸਾਰ, "ਬ੍ਰਹਮ ਸ਼ਬਦ ਦਾ ਅਰਥ ਵੱਡਾ ਹੁੰਦਾ ਹੈ, ਪਰ ਇਹ ਤੱਤ ਇੰਨਾ ਜ਼ਿਆਦਾ ਵੱਡਾ ਹੈ ਕਿ ਜਿਸ ਦੀ ਕੋਈ ਕਲਪਨਾ ਨਹੀਂ ਕੀਤੀ ਜਾ ਸਕਦੀ, ਇਹ ਦੇਸ਼, ਕਾਲ, ਵਸਤੂ, ਵਿਅਕਤੀ, ਦੇਵ, ਅਸੁਰ, ਕਰਤਾ, ਕਰਮ ਆਦਿ ਦੀ ਸੀਮਾ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਸਾਰਾ ਵਿਸ਼ਵ ਇਸ ਦੀ ਅਭਿਵਿਅਕਤੀ ਹੈ, ਇਹੀ ਸੰਪੂਰਣ ਸੱਤਾ ਅਤੇ ਸੰਪੂਰਣ ਚੇਤਨਾ ਦੀ ਪ੍ਰਤੀਨਿਧਤਾ ਕਰਦਾ ਹੈ।[8]

ਡਾ. ਵਜ਼ੀਰ ਸਿੰਘ ਅਨੁਸਾਰ, ਬ੍ਰਹਮ ਪੂਰਨ ਨਿਰਪੇਖ ਹਸਤੀ ਹੈ, ਜਿਸ ਦਾ ਕੋਈ ਗੁਣ ਚਿਤਵਿਆ ਨਹੀਂ ਜਾ ਸਕਦਾ, ਜੋ ਅਗੋਚਰ ਹੈ, ਨਿਰ ਆਕਾਰ ਤੇ ਅਪੁਰਖੀ ਹੈ, ਅਤੇ ਦ੍ਰਿਸ਼ਟ, ਅਦ੍ਰਿਸ਼ਟ ਸਭ ਦੀ ਤਾਤਵਿਕ ਸਮੁਚਤਾ ਹੈ।[9]

ਗੁਰਮਤਿ ਦਰਸ਼ਨ ਵਿਚ ੧ ਰਾਹੀਂ ਅਦ੍ਵੈਤ ਸਤਾ ਨੂੰ ਸੰਬੋਧਿਤ ਕੀਤਾ ਗਿਆ ਹੈ, ਜਿਸ ਅਨੁਸਾਰ ਪਰਮ ਸਤਿ ਇਕ ਹੈ। ਪਰਮ ਦਾ ਅਰਥ ਹੈ ਆਦਿ, ਪਹਿਲਾ, ਪ੍ਰਧਾਨ ਜਾਂ ਮੁਖ। ਸੋ ਪਰਮ ਸਤਿ ਦਾ ਅਰਥ ਹੈ ਉਹ ਨਿਰਗੁਣ ਬ੍ਰਹਮ ਜਾਂ ਪਾਰਬ੍ਰਹਮ ਪਰਮੇਸ਼ਵਰ ਜਿਹੜਾ ਆਦਿ ਸਤਿ, ਮੂਲ ਸਤਿ, ਪ੍ਰਧਾਨ ਸਤਿ ਅਥਵਾ ਇਸ ਦ੍ਰਿਸ਼ਟਮਾਨ ਜਗਤ ਦਾ ਹਕੀਕੀ ਮੂਲ ਤਤ ਹੈ।[10]

ਗਿਆਨੀ ਬਲਵੰਤ ਸਿੰਘ ਕੋਠਾਗੁਰੂ ਅਨੁਸਾਰ, "ਬ੍ਰਹਮ ਸ਼ਬਦ ਦੀ ਵਿਉਤਪਤੀ 'ਵ੍ਰਹ' ਧਾਤੂ ਤੋਂ ਮੰਨੀ ਹੈ ਜਿਸ ਦਾ ਅਰਥ ਵਧਿਆ ਹੋਇਆ/ਵਿਸਤਾਰ ਵਾਲਾ ਹੋਣਾ ਹੈ। ਇਤਨਾ ਵਿਸਤਾਰ ਵਾਲਾ ਹੋਣਾ ਜੋ ਸਰਬੱਤ ਨੂੰ ਆਪਣੇ ਵਿਚ ਸਮਾ ਲਏ।"[11]
ਸਪਸ਼ਟ ਹੈ ਕਿ ਪਰਮਾਤਮਾ ਉਹ ਸ਼ਕਤੀ ਹੈ ਜੋ ਸਚ ਹੈ ਅਤੇ ਆਪਣੇ ਆਪ ਤੋਂ ਵਿਕਸਤ ਹੈ। ਜਗਤ ਦੀ ਕਾਰਣ ਸ਼ਕਤੀ ਹੈ ਅਤੇ ਕਣ-ਕਣ ਵਿਚ ਵਿਆਪਕ ਹੈ। ਪਰਮਾਤਮਾ ਇਨ੍ਹਾਂ ਵਿਸਤਾਰ ਵਾਲਾ ਹੈ ਕਿ ਸਮੁਚੀ ਕਾਇਨਾਤ ਨੂੰ ਆਪਣੇ ਵਿਚ ਸਮਾਈ ਬੈਠਾ ਹੈ। ਨਿਰਗੁਣ ਰੂਪ ਵਿਚ ਉਹ ਗੁਣਾਂ ਤੋਂ ਰਹਿਤ ਅਗਮ ਅਗੋਚਰ ਹੈ ਅਤੇ ਸਰਗੁਣ ਰੂਪ ਵਿਚ ਸਰਵਵਿਆਪਕ ਹੈ।

ਮਨੁਖੀ ਮਨ ਵਿਚ ਸਭ ਤੋਂ ਪਹਿਲਾ ਸਵਾਲ ਪਰਮਾਤਮਾ ਦੀ ਹੋਂਦ ਸੰਬੰਧੀ ਉਤਪੰਨ ਹੁੰਦਾ ਹੈ ਕਿ ਕੀ ਰਬ ਹੈ? ਜੇ ਹੈ ਤਾਂ ਉਹ ਕਿਥੇ ਹੈ? ਉਸਦਾ ਸਰੂਪ ਕੀ ਹੈ? ਆਦਿ। ਗੁਰਬਾਣੀ ਅਤੇ ਅਦ੍ਵੈਤ ਵੇਦਾਂਤ ਦੋਨੋਂ ਆਸਤਿਕ ਮਤ ਹਨ ਅਤੇ ਪਰਮਾਤਮਾ ਦੀ ਹੋਂਦ ਵਿਚ ਪੂਰਣ ਵਿਸ਼ਵਾਸ ਰਖਦੇ ਹਨ। ਗੁਰਬਾਣੀ ਵਿਚ ਪਰਮਾਤਮਾ ਦੀ ਹੋਂਦ ਸੰਬੰਧੀ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦਾ ਵਿਚਾਰ ਹੈ ਕਿ ਗੁਰਬਾਣੀ ਨੇ ਪਰਮੇਸ਼ਰ ਬਾਰੇ ਪਹਿਲੀ ਵਾਰ ਸਪੱਸ਼ਟ ਨਿਰਣੈ ਪੂਰਵਕ ਕਥਨ ਕੀਤਾ ਹੈ ਕਿ ਨਿਰਾਕਾਰ, ਸ੍ਵਯੰਭ, ਸ੍ਵੈਪ੍ਰਕਾਸ਼ ਕੇਵਲ ਇਕ ਹੈ। ਨਿਰਭੈ ਨਿਰਵੈਰ ਹੈ। ਕਾਲ ਤੋਂ ਰਹਿਤ ਅਕਾਲ ਹੈ। ਅਗੰਮ, ਅਗੋਚਰ ਹੈ, ਸਰਵਗਯ, ਸਮਰੱਥ ਹੈ।[12] ਡਾ. ਵਜ਼ੀਰ ਸਿੰਘ ਗੁਰਬਾਣੀ ਵਿਚ ਪਰਮਾਤਮਾ ਦੀ ਹੋਂਦ ਸੰਬੰਧੀ ਲਿਖਦੇ ਹਨ ਕਿ "ਏਕਾ(੧) ਇਸੇ ਗਲ ਦੀ ਸਾਖੀ ਭਰਦਾ ਹੈ ਕਿ ਅੰਤਿਮ ਹਸਤੀ 'ਹੈ',ਇਹ ਨਾਸਤੀ(ਅਣਹੋਂਦ,ਸਿਫਰ)ਦਾ ਸਿਧਾਂਤ ਨਹੀਂ(ਜਿਵੇਂ ਕਿ ਸ਼ੂਨਯਵਾਦ ਦਾ ਨਾਂਹਮੁਖੀ ਮਤ ਹੈ)। ਗੁਰਬਾਣੀ ਵਿਚ ਪਰਮਾਤਮਾ ਦੀ ਹੋਂਦ ਬਾਰੇ ਅਨੇਕਾਂ ਹਵਾਲੇ ਮਿਲਦੇ ਹਨ। ਪਰਮਾਤਮਾ ਹਰ ਥਾਂ ਰਮਿਆ ਹੋਇਆ ਹੈ। ਜਿਸ ਪਾਸੇ ਵੀ ਦੇਖੀਏ ਉਸਦੀ ਹਜ਼ੂਰੀ ਹੈ। ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਹੋਂਦ ਦੀ ਵਿਆਪਕਤਾ ਬਾਰੇ ਦਸਦੇ ਹਨ ਕਿ ਉਸਨੂੰ ਜਿਧਰ ਵੀ ਦੇਖੋ ਉਹ ਉਸ ਪਾਸੇ ਹੀ ਮੌਜੂਦ ਹੈ।

ਜਿਹ ਧਿਰਿ ਦੇਖਾ ਤਿਹ ਧਿਰਿ ਮੌਜੂਦ।।[13]

ਗੁਰੂ ਅਰਜਨ ਦੇਵ ਜੀ ਪਰਮਸਤਾ ਦੀ ਹੋਂਦ ਅਤੇ ਵਿਆਪਕਤਾ ਬਾਰੇ ਬੜੇ ਸਰਲ ਸਬਦਾਂ ਵਿਚ ਦਰਸਾਉਂਦੇ ਹਨ। ਸਾਰੇ ਜੀਵਾਂ ਦਾ ਸੁਆਮੀ ਸਰਬਤ ਵਿਚ ਸਮਾਇਆ ਹੋਇਆ ਹੈ। ਇਕੋ-ਇਕ ਪ੍ਰਮਾਤਮਾ ਹੀ ਸਰਵ ਵਿਆਪਕ ਹੈ ਅਤੇ ਹੋਰ ਕੋਈ ਦੂਜਾ ਦਿਖਾਈ ਨਹੀਂ ਦਿੰਦਾ ਹੈ:

ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ।।
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ।।[14]

---

[6] ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963.
[7] ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ481.
[8] ਡਾ.ਆਰ.ਡੀ.ਨਿਰਾਕਾਰੀ, ਭਾਰਤੀ ਦਰਸ਼ਨ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017(ਦੂਜੀ ਵਾਰ), ਪੰਨਾ 287.
[9] ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2012(ਦੂਜੀ ਵਾਰ), ਪੰਨਾ 2.
[10] ਲਾਭ ਸਿੰਘ, ਗੁਰਬਾਣੀ ਵਿਚ ਪਰਮ ਸਤਿ ਦਾ ਸਰੂਪ,ਨਾਨਕ ਪ੍ਰਕਾਸ਼ ਪਤ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰਨਾ16.
[11] ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਗੁਰਬਾਣੀ-ਵੇਦਾਂਤ ਨਿਰਣੈ, ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਦ, ਕੋਠਾਗੁਰੂ(ਬਠਿੰਡਾ),2017,ਪੰਨਾ 57.
[12] ਗੁਰਮਤਿ ਪ੍ਰਕਾਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਪੰਨਾ 84.
[13] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ 84.
[14] ਉਹੀ, ਪੰਨਾਂ292.

ਗਿਆਨੀ ਜੀ ਗੁਰਬਾਣੀ ਦਾ ਹਵਾਲਾ ਦੇ ਕੇ ਪ੍ਰਮਾਤਮਾ ਦੀ ਹੋਂਦ ਸੰਬੰਧੀ ਕਹਿੰਦੇ ਹਨ ਕਿ ਅਕਾਲਪੁਰਖ ਸਾਡੇ ਵਿਚ ਕਿਵੇਂ ਸਮਾਇਆ ਹੈ? ਜਿਵੇਂ ਬਨਸਪਤੀ ਵਿਚ ਅਗਨੀ ਸਮਾਈ ਹੈ, ਜਿਵੇਂ ਦੁਧ ਵਿਚ ਮੱਖਣ(ਘਿਉ) ਸਮਾਇਆ ਹੈ, ਇਸੀ ਤਰ੍ਹਾਂ ਘਟ-ਘਟ(ਸਾਰੇ ਜੀਵਾਂ) ਵਿਚ ਵਾਹਿਗੁਰੂ ਦੀ ਜੋਤਿ ਸ਼ਕਤੀ ਸਮਾਈ ਹੋਈ।[15]

ਸਗਲ ਬਨਸਪਤਿ ਮਹਿ ਬੈਸਤੰਰ ਸਗਲ ਦੂਧ ਮਹਿ ਘੀਆ।।
ਊਚ ਨੀਚ ਮਹਿ ਜੋਤਿ ਸਮਾਈ ਘਟਿ ਘਟਿ ਮਾਧਉ ਜੀਆ।।[16]

ਵੇਦਾਂਤ ਦਰਸ਼ਨ ਨੇ ਬ੍ਰਹਮ ਦੀ ਸਤਾ ਉਤੇ ਸ਼ੰਕਾ ਪ੍ਰਗਟ ਨਹੀਂ ਕੀਤੀ, ਅਤੇ ਸ੍ਰੁਤੀ ਨੂੰ ਮੁਖ ਪ੍ਰਮਾਣ ਵਜੋਂ ਸਵੀਕਾਰ ਕੀਤਾ ਹੈ।[17]ਬ੍ਰਹਮ ਸਰਵਵਿਆਪੀ ਸਤਾ ਹੈ ਜੋ ਜਗਤ ਦੇ ਕਣ-ਕਣ ਵਿਚ ਸਮਾਈ ਹੋਈ ਹੈ। ਇਹ ਸਤਾ ਨਿਰਾਕਾਰ ਨਿਰਵਿਕਾਰ ਅਬਿਨਾਸੀ ਚੇਤਨ ਅਨਾਦਿ ਅਖੰਡ ਹੈ। ਸ਼ੰਕਰ ਨੇ ਬ੍ਰਹਮ ਦੀ ਸਿਧੀ ਦੀ ਬਹੁਤੀ ਲੋੜ ਨਹੀਂ ਸਮਝੀ। ਸ਼ੰਕਰ ਦਾ ਵਿਚਾਰ ਹੈ, ਬ੍ਰਹਮ ਸੁਭਾਵਿਕ ਸਿਧ ਹੈ। ਦੂਸਰਾ ਆਤਮਾ ਦੀ ਹੋਂਦ ਹੀ ਬ੍ਰਹਮ ਦੀ ਸਿਧੀ ਲਈ ਕਾਫੀ ਹੈ। ਤੀਸਰਾ ਸ਼੍ਰੁਤੀ ਪ੍ਰਮਾਣ ਹੈ,ਸ਼੍ਰੁਤੀ ਰਿਸ਼ੀਆਂ ਦਾ ਅਨੁਭਵੀ ਗਿਆਨ ਹੈ ਜਿਸ ਤੇ ਸ਼ੰਕਾ ਨਹੀਂ ਹੋ ਸਕਦੀ।[18] ਪਰਮਾਤਮਾ ਦੀ ਹੋਂਦ ਸੰਬੰਧੀ ਗੁਰਬਾਣੀ ਦਾ ਨਿਰਣੈ ਅਤੇ ਵੇਦਾਂਤ ਦਾ ਵਿਚਾਰ ਮੇਲ ਖਾਂਦਾ ਹੈ। ਦੋਨੋ ਸਿਧਾਂਤ ਇਕ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰਖਦੇ ਹਨ ਜਿਸ ਤੋਂ ਬਿਨਾਂ ਕੋਈ ਦੂਜਾ ਨਹੀਂ ਹੈ। ਗੁਰਬਾਣੀ ਬ੍ਰਹਮ ਨੂੰ ਘਟ-ਘਟ ਵਿਚ ਰਮਿਆ ਹੋਇਆ ਮੰਨਦੀ ਹੈ ਅਤੇ ਵੇਦਾਂਤ ਪਰਮਾਤਮਾ ਦੀ ਹੋਂਦ ਲਈ ਸ਼੍ਰੁਤੀ ਨੂੰ ਸਬੂਤ ਵਜੋਂ ਪ੍ਰਵਾਨ ਕਰਦਾ ਹੈ।

ਗੁਰਮਤਿ ਨੇ ਪਰਮਾਤਮਾ ਦੇ ਇਕਈਸ਼ਵਰਵਾਦ ਸਿਧਾਂਤ ਨੂੰ ਮੰਨਿਆ ਹੈ। ਮੂਲ ਮੰਤ੍ਰ ਵਿਚ ਉਸਨੂੰ ਸਚੁ ਕਿਹਾ ਗਿਆ ਹੈ। ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।। ਸਚ ਸਰਵਵਿਆਪਕ ਹੈ। ਉਹ ਜਾਤ, ਵਰਨ, ਦੇਸ਼, ਕਾਲ, ਸੂਖਮ- ਸਥੂਲ ਵਿਚ ਵਿਆਪਕ ਰਹਿੰਦਾ ਹੈ। ਉਹ ਸ੍ਰਿਸ਼ਟੀ ਦਾ ਕਰਤਾ ਹੈ। ਉਹ ਆਰੰਭ ਵਿਚ ਵੀ ਸਚ ਸੀ, ਵਰਤਮਾਨ ਵਿਚ ਵੀ ਸਚ ਹੈ ਅਤੇ ਭਵਿਖ ਵਿਚ ਵੀ ਸਚ ਰਹੇਗਾ। ਗਿਆਨੀ ਬਲਵੰਤ ਸਿੰਘ ਨੇ ਵੀ ਪਰਮਾਤਮਾ ਦਾ ਸਰੂਪ ਮੂਲ ਮੰਤ੍ਰ ਨੂੰ ਦਸਿਆ ਹੈ। ਉਨ੍ਹਾਂ ਨੇ ਆਪਣੇ ਵਿਸ਼ਲੇਸ਼ਣ ਵਿਚ ਮੂਲ ਮੰਤ੍ਰ ਦੇ ਨੌਂ ਅੰਗ (੧,੧ਓ, ਸਤਿਨਾਮ, ਕਰਤਾਪੁਰਖ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ, ਗੁਰ ਪ੍ਰਸਾਦਿ) ਦਸੇ ਹਨ। ਭਾਈ ਗੁਰਦਾਸ ਜੀ ਨੇ ਵੀ ਇਨ੍ਹਾਂ ਪਦਾਂ ਦੀ ਗਿਣਤੀ ਨੌਂ(੧ਓ, ਸਤਿਨਾਮ, ਕਰਤਾਪੁਰਖ, ਨਿਰਭਉ, ਨਿਰਵੈਰ, ਅਕਾਲਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ) ਦਸੀ ਹੈ।[19]

ਪਰਮਸਤਾ ਦੇ ਸਰੂਪ ਬਾਰੇ ਗਿਆਨੀ ਜੀ ਮੂਲ ਮੰਤ੍ਰ ਦੀ ਵਿਆਖਿਆ ਕਰਦੇ ਲਿਖਦੇ ਹਨ ਕਿ ਮੂਲ ਮੰਤ੍ਰ ਵਿਚ ੧ਓ ਤੋਂ ਬਾਅਦ ਸਤਿਨਾਮ ਹੈ ਜੋ ਪਰਮ ਸਤਾ ਦਾ ਸੂਚਕ ਹੈ। ਸਤਿ ਅਤੇ ਨਾਮ ਸੰਯੁਕਤ ਰੂਪ ਵਿਚ ਹਨ। ਸਤਿ ਦਾ ਹੀ ਤਦਭਵ ਰੂਪ 'ਸਚ' ਹੈ। ਸਤਿ ਅਤੇ ਸਚ ਦਾ ਇਕੋ ਅਰਥ ਹੈ। ਤਿੰਨ ਕਾਲ ਇਕ ਰਸ ਰਹਿਣ ਵਾਲਾ 'ਨਾਮ' ਦਾ ਅਰਥ ਹੈ ਜਿਸ ਦੁਆਰਾ ਕਿਸੇ ਨੂੰ ਸੰਬੋਧਨ ਕੀਤਾ ਜਾਵੇ। ਮੂਲ ਮੰਤ੍ਰ ਤੋਂ ਅਗਲਾ ਤੋ ਅਗਲਾ ਸਲੋਕ ਸਤਿ ਦਾ ਵਿਸਤਾਰ ਨਾਲ ਨਿਰੂਪਨ ਕਰਦਾ ਹੈ ਕਿ ਯੁਗਾਂ ਦੀ ਹੋਂਦ ਤੋਂ ਪਹਿਲਾ ਵੀ ਸਤਿ ਸੀ। ਯੁਗਾਂ ਦੇ ਆਰੰਭ ਵਿਚ ਵੀ ਸਤਿ ਸੀ। ਹੁਣ ਵੀ (ਵਰਤਮਾਨ) ਸਤਿ ਹੈ। ਅਗੇ ਭਵਿਸ਼ਯ ਵਿਚ ਵੀ ਸਤਿ ਰਹੇਗਾ।[20] ਗੁਰਬਾਣੀ ਵਿਚ ਪਰਮਾਤਮਾ ਨੂੰ ਸਰਵਵਿਆਪਕ ਮੰਨਿਆ ਹੈ। ਉਹ ਕਣ ਕਣ ਵਿਚ ਸਮਾਇਆ ਹੋਇਆ ਹੈ। ਨਿਰੰਕਾਰ ਸਾਥੋਂ ਦੂਰ ਵੀ ਹੈ ਅਤੇ ਸਾਡੇ ਨੇੜੇ ਤੋਂ ਨੇੜੇ ਵੀ ਹੈ। ਵਾਹਿਗੁਰੂ ਦੀ ਸਰਬ ਵਿਆਪਕਤਾ ਬਾਰੇ ਗਿਆਨੀ ਗੁਰਬਾਣੀ ਵਿਚੋਂ ਹਵਾਲਾ ਦਿੰਦੇ ਹਨ

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ।।
ਅਨਿਕ ਭਾਤਿ ਹੋਇ ਪਸਰਿਆ ਨਾਨਕ ਏਕੰਕਾਰੁ।।[21]

ਵੇਦਾਂਤ ਅਨੁਸਾਰ ਗਿਆਨੀ ਜੀ ਬ੍ਰਹਮ ਦਾ ਸਰੂਪ ਦਸਦੇ ਹਨ ਕਿ ਬ੍ਰਹਮ ਸਰਬ ਵਿਆਪੀ ਸਤਾ ਹੈ ਜੋ ਜਗਤ ਦੇ ਕਣ-ਕਣ ਵਿਚ ਸਮਾਈ ਹੋਈ ਹੈ। ਇਹ ਸਤਾ ਨਿਰਾਕਾਰ ਨਿਰਵਿਕਾਰ ਅਬਿਨਾਸੀ ਚੇਤਨ ਅਨਾਦਿ ਅਖੰਡ ਹੈ। ਅਗੇ ਗਿਆਨੀ ਜੀ ਲਿਖਦੇ ਹਨ ਕਿ ਸ਼ੰਕਰ ਅਨੁਸਾਰ ਬ੍ਰਹਮ ਸੱਤ ਚਿੱਤ ਆਨੰਦ ਰੂਪ ਹੈ। ਸੱਚ ਦਾ ਕਦੀ ਬਾਧ ਨਹੀਂ ਹੁੰਦਾ, ਬ੍ਰਹਮ ਨਿੱਤ ਅਵਿਕਾਰੀ ਹੈ। ਨਾਮ ਰੂਪ ਤੋਂ ਰਹਿਤ ਹੈ, ਸੁਤੰਤ੍ਰ ਸ਼ੁਧ ਸਤਾ ਹੈ। ਇਹ ਕਰਤਾ ਨਹੀਂ ਹੈ, ਨਿਸ਼ਕ੍ਰਿਆ ਹੈ। ਮਾਇਆ ਬ੍ਰਹਮ ਦੀ ਸ਼ਕਤੀ ਹੈ ਪਰ ਬ੍ਰਹਮ ਮਾਇਆ ਵਿਚ ਲਿਪਤ ਨਹੀਂ ਹੁੰਦਾ।[22]

ਗੁਰਮਤਿ ਅਤੇ ਵੇਦਾਂਤ ਦੋਵੇਂ ਮਤ ਇਕ ਪਰਮਾਤਮਾ ਵਿਚ ਵਿਸ਼ਵਾਸ ਰਖਦੇ ਹਨ ਅਤੇ ਉਸਨੂੰ ਸਰਵਵਿਆਪਕ ਮੰਨਦੇ ਹਨ। ਪਰਮਾਤਮਾ ਸਭ ਥਾਂਈ ਘਟ ਘਟ ਵਿਚ ਰਮਿਆ ਹੋਇਆ ਹੈ। ਉਹ ਸਾਰੇ ਜੀਵਾਂ ਦਾ ਅਧਾਰ ਹੈ।

---

[15] ਗੁਰਬਾਣੀ-ਵੇਦਾਂਤ ਨਿਰਣੈ, ਪੰਨਾਂ109.
[16] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ 617.
[17] ਡਾ.ਰਾਏ ਜਸਬੀਰ, ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਦਾ ਸੰਕਲਪ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, 1979.
[18] ਗੁਰਬਾਣੀ-ਵੇਦਾਂਤ ਨਿਰਣੈ, ਪੰਨਾਂ 57.
[19] ਵਾਰਾਂ ਭਾਈ ਗੁਰਦਾਸ,ਵਾਰ/ ਪਉੜੀ–3/15.
[20] ਗੁਰਬਾਣੀ-ਵੇਦਾਂਤ ਨਿਰਣੈ, ਪੰਨਾ161.
[21] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ 48.
[22] ਉਹੀ, ਪੰਨਾ57.

ਭਾਰਤੀ ਦਾਰਸ਼ਿਨਕ ਪੰਰਪਰਾ ਨੇ ਬ੍ਰਹਮ ਨੂੰ ਦੋ ਦ੍ਰਿਸ਼ਟੀਕੋਣਾ ਤੋਂ ਸਮਝਣ ਦਾ ਯਤਨ ਕੀਤਾ ਹੈ। ਨਿਰਗੁਣ ਅਤੇ ਸਰਗੁਣ। ਨਿਰਗੁਣ ਤੋਂ ਭਾਵ ਗੁਣਾਂ ਤੋਂ ਰਹਿਤ ਜੋ ਗੁਣਾਂ ਦੀ ਸੀਮਾ ਵਿਚ ਨਾ ਆਵੇ। ਜੋ ਮਾਇਆ ਦੇ ਤਿੰਨ ਗੁਣਾਂ ਰਜੋ, ਸਤੋ, ਤਮੋ ਤੋਂ ਪਰ੍ਹੇ ਹੋਵੇ।ਸਰਗੁਣ ਤੋਂ ਭਾਵ ਗੁਣਾਂ ਸਹਿਤ, ਤਿੰਨੇ ਗੁਣਾਂ ਵਾਲਾ ਜਿਸਨੂੰ ਗੁਣਾਂ ਸਹਿਤ ਬਿਆਨ ਕੀਤਾ ਜਾ ਸਕਦਾ ਹੋਵੇ। ਗਿਆਨੀ ਬਲਵੰਤ ਸਿੰਘ ਵੇਦਾਂਤ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਬਾਰੇ ਲਿਖਦੇ ਹਨ ਕਿ, "ਨਿਰਗੁਣ ਦੀ ਵਿਆਖਿਆ ਭਾਸ਼ਾ ਦੁਆਰਾ ਨਹੀਂ ਕੀਤੀ ਜਾ ਸਕਦੀ। ਇਹ ਅਵਾਙ ਮਨਸਗੋਚਰ ਹੈ, ਸੀਮਤ ਵਿਚਾਰਾਂ ਨਾਲ ਗ੍ਰਹਿਤੀਤ ਨਹੀਂ ਕੀਤਾ ਜਾ ਸਕਦਾ। ਬ੍ਰਹਮ ਬਾਰੇ ਜੋ ਕੁਝ ਕਿਹਾ ਜਾਂਦਾ ਹੈ ਵਾਸਤਵ ਵਿਚ ਉਹ ਈਸ਼ੂਰ ਬਾਰੇ ਹੀ ਹੁੰਦਾ ਹੈ। ਜਿਸ ਵੇਲੇ ਅਨੁਪਹਿਤ(ਉਪਾਧੀ ਰਹਿਤ) ਬ੍ਰਹਮ ਦੀ ਗਲ ਕਰਦੇ ਹਾਂ ਉਸ ਸਮੇਂ ਉਪਹਿਤ(ਉਪਾਧੀ ਵਾਲਾ) ਹੋ ਜਾਂਦਾ ਹੈ ਅਤੇ ਈਸ਼ੂਰ ਬਣ ਜਾਂਦਾ ਹੈ।[23]

ਡਾ.ਆਰ.ਡੀ.ਨਿਰਾਕਾਰੀ ਅਨੁਸਾਰ, "ਬ੍ਰਹਮਸੂਤ੍ਰਭਾਸ਼ਯ ਵਿਚ ਸ਼ੰਕਰ ਨੇ ਕਿਹਾ ਹੈ ਕਿ ਦੋ ਰੂਪਾਂ ਵਾਲਾ ਬ੍ਰਹਮ ਜਾਣਿਆ ਜਾਂਦਾ ਹੈ-ਨਾਮ, ਰੂਪ, ਵਿਕਾਰ, ਭੇਦ, ਉਪਾਧੀ ਵਾਲਾ ਅਤੇ ਉਸ ਤੋਂ ਵਿਪਰੀਤ ਸਰਵ ਉਪਾਧੀ ਰਹਿਤ। ਉਪਾਧੀ ਨਾਲ ਸੰਬੰਧਿਤ ਬ੍ਰਹਮ ਵੇਦਾਂਤ ਅਨੁਸਾਰ ਉਪਾਸਨਾਯੋਗ ਹੈ ਅਤੇ ਉਪਾਧੀ ਤੋਂ ਰਹਿਤ ਬ੍ਰਹਮ ਜਾਣਨਯੋਗ ਹੈ।"[24]ਵੇਦਾਂਤ ਵਿਚ ਪਰਮਸਤਾ ਨੂੰ ਦੋ ਨਾਵਾਂ ਨਾਲ ਜਾਣਿਆ ਜਾਂਦਾ ਹੈ ਬ੍ਰਹਮ ਅਤੇ ਈਸ਼ੂਰ। ਬ੍ਰਹਮ ਨਿਰਗੁਣ ਸਰੂਪ ਦਾ ਲਖਾਇਕ ਹੈ ਅਤੇ ਈਸ਼ੂਰ ਸਰਗੁਣ ਸਰੂਪ ਦਾ।ਵੇਦਾਂਤ ਅਨੁਸਾਰ ਬ੍ਰਹਮ ਆਪਣੀ ਸ਼ਕਤੀ ਮਾਇਆ ਦੇ ਨਾਲ ਜਗਤ ਦੀ ਉਤਪਤੀ ਕਰਨ ਦੇ ਸਮਰਥ ਹੁੰਦਾ ਹੈ। ਮਾਇਆ ਨਾਲ ਸੰਯੁਕਤ ਹੋਣ ਕਰਕੇ ਬ੍ਰਹਮ ਨੂੰ ਸਗੁਣ ਜਾਂ ਈਸ਼ੂਰ ਕਿਹਾ ਜਾਂਦਾ ਹੈ। ਈਸ਼ੂਰ ਦੀ ਉਤਪਤੀ ਸਤ੍ਵ ਗੁਣ ਪ੍ਰਧਾਨ ਮਾਇਆ ਤੋਂ ਹੋਈ ਹੈ। ਈਸ਼ੂਰ ਨੂੰ ਬਣਾਉਣ ਵਿਚ ਮਾਇਆ ਦਾ ਹੀ ਯੋਗਦਾਨ ਹੈ। ਗਿਆਨੀ ਜੀ ਦੇ ਸ਼ਬਦਾਂ ਵਿਚ ਮਾਇਆ ਦਾ ਅਧਸ਼ਠਾਨ, ਮਾਇਆ ਨੂੰ ਆਸਰਾ ਦੇਣ ਵਾਲਾ ਚੇਤਨ, ਮਾਇਆ ਵਿਚ ਚੇਤਨ ਦਾ ਅ**ਭਾਸ, ਇਨ੍ਹਾਂ ਤਿੰਨਾ ਦੇ** ਮਿਲਣ ਨਾਲ ਈਸ਼ਵਰ ਕਹਾਉਂਦਾ ਹੈ।[25]

ਵੇਦਾਂਤ ਅਨੁਸਾਰ ਪਰਮਾਤਮਾ ਦੇ ਦੋ ਸਰੂਪ ਦਸੇ ਗਏ ਹਨ। ਪਹਿਲਾਂ ਨਿਰਗੁਣ ਅਤੇ ਦੂਜਾ ਸਰਗੁਣ। ਨਿਰਗੁਣ ਲਈ ਬ੍ਰਹਮ ਸ਼ਬਦ ਵਰਤਿਆ ਹੈ ਅਤੇ ਸਰਗੁਣ ਲਈ ਈਸ਼ੂਰ। ਨਿਰਗੁਣ ਬ੍ਰਹਮ ਪਰਮਾਰਥਕ ਸਤਾ ਹੈ। ਨਿਰਗੁਣ ਬ੍ਰਹਮ ਗੁਣਾਂ ਤੋਂ ਰਹਿਤ ਅਤੇ ਨਿਸ਼ਕ੍ਰਿਆ ਹੈ। ਬ੍ਰਹਮ ਦੀ ਸ਼ਕਤੀ ਮਾਇਆ ਹੈ। ਮਾਇਆ ਨਾਲ ਸੰਯੁਕਤ ਹੋ ਕੇ ਬ੍ਰਹਮ ਸਗੁਣ ਹੋ ਜਾਂਦਾ ਹੈ ਅਤੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਸਗੁਣ ਬ੍ਰਹਮ ਦੀ ਉਪਾਸਨਾ ਕੀਤੀ ਜਾਂਦੀ ਹੈ। ਸਗੁਣ ਰੂਪ ਵਿਚ ਬ੍ਰਹਮ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ ਅਤੇ ਨਿਰਗੁਣ ਰੂਪ ਵਿਚ ਉਹ ਅਪਰੰਪਾਰ, ਅਗੰਮ, ਅਗੋਚਰ ਹੈ।

ਗੁਰਮਤਿ ਦਰਸ਼ਨ ਵਿਚ ਨਿਰਗੁਣ ਬ੍ਰਹਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਹੀ੧ਰਾਹੀਂ ਸੰਬੋਧਿਤ ਕੀਤਾ ਗਿਆ ਹੈ ਕਿ ਉਹ ਇਕੋ ਇਕ ਪਰਮਸਤਾ ਹੈ ਜੋ ਆਪਣਾ ਕਾਰਣ ਆਪ ਹੈ, ਉਸ ਜਿਹਾ ਕੋਈ ਹੋਰ ਨਹੀਂ। ਗਿਆਨੀ ਜੀ ਅਨੁਸਾਰ ਗੁਰਬਾਣੀ ਅਨੁਸਾਰ ਨਿਰਗੁਣ/ਸਰਗੁਣ ਰੂਪ ਵਿਚ ਨਿਰਾਕਾਰ ਪਾਰਬ੍ਰਹਮ ਪਰਮੇਸ਼ੂਰ ਵਾਹਿਗੁਰੂ ਦੀ ਦਸ ਪਾਉਂਦੀ ਹੈ। ਜਿਸਦਾ ਸਰੂਪ ਨਹੀਂ, ਵਰਣ ਨਹੀਂ, ਚਿੰਨ੍ਹ ਨਹੀਂ ਹੈ, ਉਹ ਅਗਮ ਅਗੋਚਰ ਗੋਬਿੰਦ ਨਿਰਗੁਣ ਹੁੰਦਾ ਹੋਇਆ ਵੀ ਗੁਣਾਂ ਦਾ ਸਾਗਰ ਹੈ। ਸਰਗੁਣ ਹੋ ਕੇ ਸਭ ਗੁਣਾਂ ਤੋਂ ਰਹਿਤ ਹੈ। ਨਿਰਗੁਣ ਰੂਪ ਵਿਚ ਪਰਮਾਤਮਾ ਦਾ ਨਾ ਕੋਈ ਰੂਪ ਹੈ, ਨਾ ਚਕ੍ਰ ਚਿਹਨ ਹੈ ਅਤੇ ਨ ਰੰਗ ਹੈ। ਨਿਰਗੁਣ ਪਰਮਾਤਮਾ ਮਾਇਆ ਦੇ ਤਿੰਨਾਂ ਗੁਣਾਂ ਤੋਂ ਨਿਰਲੇਪ ਹੈ।

ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ।।

ਤਿਸਹਿ ਬੁਝਾਏ ਨਾਨਕਾ ਜਿਸ ਹੋਵੈ ਸੁ ਪ੍ਰਸੰਨ।।[26]

ਵਾਹਿਗੁਰੂ ਦੇ ਸਰਗੁਣ ਸਰੂਪ ਵਿਚ ਉਸਨੂੰ ਸੋਹਣੀ ਚਾਲ ਅਤੇ ਮਿਠੀ ਬੋਲੀ ਵਾਲਾ ਕਿਹਾ ਗਿਆ ਹੈ। ਸਰਗੁਣ ਸਰੂਪ ਵਿਚ ਪਰਮਾਤਮਾ ਦੇ ਗੁਣਾਂ ਦਾ ਬਿਆਨ ਕੀਤਾ ਹੈ।

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।।

ਕਹਕਨਿ ਕੋਕਲਾ ਤਰਲ ਜੁਆਣੀ।।[27]

ਗੁਰਬਾਣੀ ਵਿਚ ਪਰਮਾਤਮਾ ਨਿਰਗੁਣ ਹੋ ਕੇ ਵੀ ਸਰਗੁਣ ਹੈ ਅਤੇ ਸਰਗੁਣ ਹੋ ਕੇ ਵੀ ਨਿਰਗੁਣ ਹੈ।ਭਾਵ ਉਹ ਮਾਇਆ ਦੇ ਤਿੰਨੇ ਗੁਣਾਂ ਤੋਂ ਵਖਰਾ ਹੈ ਅਤੇ ਤ੍ਰਿਗੁਣੀ ਸੰਸਾਰ ਦਾ ਰੂਪ ਵੀ ਆਪ ਹੀ ਹੈ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ।।

[23] ਗੁਰਬਾਣੀ ਵੇਦਾਂਤ ਨਿਰਣੈ, ਪੰਨਾ 81.
[24] ਭਾਰਤੀ ਦਰਸ਼ਨ, ਪੰਨਾ290.
[25] ਗੁਰਬਾਣੀ-ਵੇਦਾਂਤ ਨਿਰਣੈ, ਪੰਨਾਂ 81.
[26] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ283.
[27] ਉਹੀ, ਪੰਨਾਂ567.

ਕਲਾ ਧਾਰਿ ਜਿਨਿ ਸਗਲੀ ਮੋਹੀ।।[28]

ਵੇਦਾਂਤ ਵਿਚ ਪਰਮਾਤਮਾ ਸਰਗੁਣ ਹੋਣ ਲਈ ਮਾਇਆ ਤੇ ਨਿਰਭਰ ਹੈ। ਮਾਇਆ ਨਾਲ ਯੁਕਤ ਹੋ ਕੇ ਹੀ ਬ੍ਰਹਮ ਈਸ਼ਵਰ ਜਾਂ ਸਗੁਣ ਹੁੰਦਾ ਹੈ। ਸਰਗੁਣ ਪਰਮਾਤਮਾ ਮਾਇਆ ਵਿਚ ਲਿਪਤ ਹੈ। ਪਰ ਗੁਰਬਾਣੀ ਵਿਚ ਪਰਮਾਤਮਾ ਨਿਰਗੁਣ ਹੋ ਕੇ ਵੀ ਸਰਗੁਣ ਹੈ ਪਰ ਸਰਗੁਣ ਰੂਪ ਵਿਚ ਮਾਇਆ ਵਿਚ ਲਿਪਤ ਨਹੀਂ ਸਗੋਂ ਮਾਇਆ ਤੋਂ ਨਿਰਲੇਪ ਹੈ।

ਪਰਮਾਤਮਾ ਸਰਵਵਿਆਪਕ ਹੈ ਤੇ ਸ੍ਰਿਸ਼ਟੀ ਦਾ ਕਰਤਾ ਵੀ ਹੈ। ਪੁਰਾਤਨ ਵਿਚਾਰਾਂ ਅਨੁਸਾਰ ਬ੍ਰਹਮਾ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਸ਼ਿਵ ਉਸਦਾ ਨਾਸ਼ ਕਰਦਾ ਹੈ ਅਤੇ ਵਿਸ਼ਨੂੰ ਰਖਿਆ ਕਰਦਾ ਹੈ।ਵੇਦਾਂਤ ਅਤੇ ਗੁਰਮਤਿ ਦਰਸ਼ਨ ਵਿਚ ਪਰਮਾਤਮਾ ਦੇ ਕਰਤਾ ਪੱਖ ਵਿਚ ਗਿਆਨੀ ਬਲਵੰਤ ਸਿੰਘ ਜੀ ਨੇ ਭਿੰਨਤਾ ਦਸੀ ਹੈ। ਅਦ੍ਵੈਤ ਵੇਦਾਂਤ ਅਨੁਸਾਰ ਬ੍ਰਹਮ ਜਗਤ ਰਚਨਾ ਕਰਨ ਲਈ ਮਾਇਆ ਤੇ ਨਿਰਭਰ ਹੈ। ਮਾਇਆ ਬ੍ਰਹਮ ਦੀ ਸ਼ਕਤੀ ਮੰਨੀ ਜਾਂਦੀ ਹੈ, ਕਿਉਕਿ ਮਾਇਆ ਦੁਆਰਾ ਹੀ ਬ੍ਰਹਮ ਜਗਤ ਦੀ ਰਚਨਾ ਕਰਦਾ ਹੈ।[29] ਗਿਆਨੀ ਜੀ ਦੇ ਵਿਚਾਰ ਅਨੁਸਾਰ ਬ੍ਰਹਮ ਮਾਇਆ ਦੀ ਸਹਾਇਤਾ ਨਾਲ ਈਸ੍ਰਰ ਨੂੰ ਪੈਦਾ ਕਰਦਾ ਹੈ ਭਾਵ ਸਰਗੁਣ ਰੂਪ ਵਿਚ ਤਬਦੀਲ ਹੁੰਦਾ ਹੈ ਫਿਰ ਜਗਤ ਦੀ ਰਚਨਾ ਕਰਦਾ ਹੈ। ਮਾਇਆ ਜਗਤ ਦੀ ਕਾਰਣ ਸ਼ਕਤੀ ਹੈ। ਬ੍ਰਹਮ ਮਾਇਆ ਤੋਂ ਬਿਨਾਂ ਜਗਤ ਦੀ ਰਚਨਾ ਕਰਨ ਦੇ ਸਮਰਥ ਨਹੀ ਹੈ।ਮਾਇਆ ਨਾਲ ਮਿਲ ਕੇ ਬ੍ਰਹਮ ਦੀ ਸੰਗਯਾ ਈਸ੍ਰਰ ਹੋ ਜਾਂਦੀ ਹੈ।ਨਿਰਗੁਣ ਰੂਪ ਵਿਚ ਬ੍ਰਹਮ ਨਿਸ਼ਕ੍ਰਿਆ ਹੁੰਦਾ ਹੈ ਪਰ ਮਾਇਆ ਨਾਲ ਯੁਕਤ ਹੋ ਕੇ ਕ੍ਰਿਆਸ਼ੀਲ ਹੋ ਜਾਂਦਾ ਹੈ ਅਤੇ ਜਗਤ ਦੀ ਰਚਨਾ ਕਰਦਾ ਹੈ।ਗਿਆਨੀ ਜੀ ਦੇ ਸ਼ਬਦਾਂ ਵਿਚ ਬ੍ਰਹਮ ਦੀ ਸਬਲ ਸ਼ਕਤੀ ਮਾਇਆ ਦੁਆਰਾ ਬ੍ਰਹਮ ਈਸ੍ਰਰ ਦੇ ਰੂਪ ਵਿਚ ਜਗਤ ਦੀ ਉਤਪਤੀ ਕਰਦਾ ਹੈ।[30] ਮਾਇਆ ਦੀ ਉਪਾਧੀ ਨਾਲ ਯੁਕਤ ਹੋਣ ਤੇ ਬ੍ਰਹਮ ਨਿਰਗੁਣ ਨਹੀਂ ਰਹਿੰਦਾ ਇਹ ਸਰਗੁਣ ਹੋ ਜਾਂਦਾ ਹੈ। ਸ਼ੰਕਰ ਈਸ੍ਰਰ ਦੁਆਰਾ ਪੈਦਾ ਕੀਤੇ ਜਗਤ ਨੂੰ ਸਤ ਨਹੀ ਮੰਨਦਾ ਸਗੋਂ ਮਾਇਆ ਕਹਿੰਦਾ ਹੈ। ਗਿਆਨੀ ਜੀ ਦੇ ਵਿਚਾਰ ਅਨੁਸਾਰ ਅਦ੍ਵੈਤ ਵੇਦਾਂਤ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਕਰਨ ਲਈ ਬ੍ਰਹਮ ਮਾਇਆ ਤੇ ਨਿਰਭਰ ਹੈ।

ਗੁਰਬਾਣੀ ਵਿਚ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਨੂੰ ਮੰਨਿਆ ਹੈ। ਸ੍ਰਿਸ਼ਟੀ ਦੀ ਰਚਨਾ ਕਰਨ ਲਈ ਪਰਮਾਤਮਾ ਸੁਤੰਤਰ ਹੈ ਅਤੇ ਉਸ ਦੇ ਹੁਕਮ ਵਿਚ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਗੁਰਮਤਿ ਨੇ ਪਰਮਾਤਮਾ ਦੁਆਰਾ ਰਚੀ ਸ੍ਰਿਸ਼ਟੀ ਨੂੰ ਸਚ ਮੰਨਿਆ ਹੈ। ਗੁਰਬਾਣੀ ਵਿਚ ਮਾਇਆ ਨੂੰ ਬ੍ਰਹਮ ਦੀ ਸਹਾਇਕ ਸ਼ਕਤੀ ਨਹੀਂ ਮੰਨਿਆ ਸਗੋਂ ਵਾਹਿਗੁਰੂ ਦੇ ਅਧੀਨ ਮੰਨਿਆ ਹੈ। ਮਾਇਆ ਅਕਾਲਪੁਰਖ ਦੀ ਸਹਾਇਕ ਸ਼ਕਤੀ ਨਹੀਂ ਹੈ। ਜਗਤ ਦੀ ਸਿਰਜਾਣਤਮਕ ਸ਼ਕਤੀ ਨਹੀਂ ਹੈ। ਜਗਤ ਦਾ ਕਾਰਣ ਮਾਇਆ ਨਹੀਂ ਸਗੋਂ ਅਕਾਲਪੁਰਖ ਆਪ ਹੈ। ਗਿਆਨੀ ਜੀ ਦੇ ਸ਼ਬਦਾਂ ਵਿਚ ਗੁਰਬਾਣੀ ਅਨੁਸਾਰ ਅਕਾਲਪੁਰਖ ਨੇ ਆਪਣੇ ਹੁਕਮ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ। ਗੁਰਮਤਿ ਦਰਸ਼ਨ ਵਿਚ ਪਰਮਾਤਮਾ ਕਰਤਾ ਰੂਪ ਵਿਚ ਸੁਤੰਤਰ ਹੈ ਅਤੇ ਕਿਸੇ ਸ਼ਕਤੀ ਦੇ ਅਧੀਨ ਨਹੀਂ ਹੈ। ਕਰਤਾ ਪੁਰਖ ਸਰਬਸ਼ਕਤੀਮਾਨ ਹੈ। ਗਿਆਨੀ ਜੀ ਗੁਰਬਾਣੀ ਦਾ ਹਵਾਲਾ ਦੇ ਕੇ ਸ਼ੰਕਰ ਦੇ ਵਿਚਾਰ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ ਕਿ ਸ੍ਰਿਸ਼ਟੀ ਦਾ ਕਰਤਾ ਕਰਤਾ ਪੁਰਖ ਹੈ।ਕੋਈ ਮਾਇਆ ਛਾਇਆ ਨਹੀਂ, ਸਰਬ ਸ਼ਕਤੀਮਾਨ ਨਿਰੰਕਾਰ ਨੂੰ ਵਿਸ਼ੇਸ਼ ਸਬਲ ਹੋਣ ਦੀ ਲੋੜ ਨਹੀਂ।ਨਿਰੰਜਨ ( ਨਿਰ-ਅੰਜਨ) ਨੂੰ ਮਾਇਆ ਦੀ ਕਾਲਖ ਨਾਲ ਦੂਸ਼ਤ ਹੋਣ ਦੀ ਲੋੜ ਨਹੀਂ। ਗੁਰਬਾਣੀ ਨੇ ਸਰਬ ਸ਼ਕਤੀਮਾਨ ਸਰਬੱਗ ਨਿਰਾਕਾਰ ਦੀ ਮਹਿਮਾ ਸਰਬ ਸ੍ਰਿਸ਼ਟੀਕਰਤਾ ਕਰਤਾ ਪੁਰਖ ਨੂੰ ਦਸ ਕੇ ਨਿਰਣੈ ਕਰ ਦਿਤਾ।[31]

ਆਪਿ ਸਤਿ ਕੀਆ ਸਭੁ ਸਤਿ।।ਤਿਸ ਪ੍ਰਭ ਤੇ ਸਗਲੀ ਉਤਪਤਿ।।[32]

ਵੇਦਾਂਤ ਦਾ ਬ੍ਰਹਮ ਮਾਇਆ ਤੋਂ ਬਿਨਾਂ ਕੁਝ ਵੀ ਕਰਨ ਦੇ ਸਮਰਥ ਨਹੀਂ ਹੈ।ਮਾਇਆ ਰਹਿਤ ਈਸ਼ਵਰ ਸ੍ਰਿਸ਼ਟੀ ਦੀ ਰਚਨਾ ਨਹੀਂ ਕਰ ਸਕਦਾ ਹੈ। ਗਿਆਨੀ ਜੀ ਅਨੁਸਾਰ ਸ਼ੰਕਰ ਦਸਦਾ ਹੈ ਈਸ਼ਵਰ ਦੀ ਬੀਜ ਸ਼ਕਤੀ ਦਾ ਨਾਮ ਮਾਇਆ ਹੈ। ਮਾਇਆ ਰਹਿਤ ਈਸ੍ਰਰ ਵਿਚ ਪ੍ਰਵਿਤੀ ਨਹੀਂ ਹੋ ਸਕਦੀ। ਨਾ ਹੀ ਈਸ੍ਰਰ ਸਿਸ਼੍ਟੀ ਰਚ ਕਰ ਸਕਦਾ ਹੈ।

ਗੁਰਬਾਣੀ ਦਾ ਈਸ੍ਰਰ ਸਰਬਗ ਹੈ, ਸੁਤੰਤਰ ਹੈ, ਸਰਬ ਬ੍ਰਹਿਮੰਡ ਦਾ ਕਰਤਾ ਸ੍ਵਾਮੀ ਹੈ। ਜਿਸ ਤਰ੍ਹਾਂ ਈਸ੍ਰਰ ਨੇ ਸਾਰਾ ਪਸਾਰਾ ਕੀਤਾ ਹੈ,ਉਸੇ ਤਰ੍ਹਾਂ ਮਾਇਆ ਨੂੰ ਵੀ ਪੈਦਾ ਕੀਤਾ ਹੈ।

ਵੇਦਾਂਤ ਦਾ ਬ੍ਰਹਮ ਗੁਰਬਾਣੀ ਦੇ ਬ੍ਰਹਮ ਵਾਂਗ ਸੁਤੰਤਰ ਨਹੀਂ ਹੈ ਸਗੋਂ ਮਾਇਆ ਤੇ ਨਿਰਭਰ ਹੈ। ਮਾਇਆ ਤੋਂ ਬਿਨਾਂ ਉਹ ਕੁਝ ਵੀ ਕਰਨ ਤੋਂ ਅਸਮਰਥ ਹੈ। ਗਿਆਨੀ ਜੀ ਵੇਦਾਂਤ ਦੇ ਬ੍ਰਹਮ ਦੀ ਆਲੋਚਨਾ ਕਰਦੇ ਹੋਏ ਉਸਨੂੰ ਮੰਦਬੁਧੀ ਕਹਿੰਦੇ ਹਨ। ਬ੍ਰਹਮ ਦੀ ਦਸ਼ਾ ਤਾਂ ਅਜਿਹੀ ਹੈ ਜਿਵੇਂ ਉਹ ਮੰਦਬੁਧੀ ਹੁੰਦਾ ਹੈ। ਅੱਖਾਂ ਤੋਂ ਅੰਨ੍ਹਾਂ, ਕੰਨਾਂ ਤੋਂ ਬੋਲਾ, ਮੂੰਹ ਤੋਂ ਗੂੰਗਾ, ਬਾਹਾਂ ਤੋਂ ਟੁੰਡਾ, ਪੈਰਾ ਤੋਂ ਪਿੰਗਲਾ ਹੋਵੇ, ਅਜਿਹਾ ਰੂਪ ਹੈ ਬ੍ਰਹਮ ਦਾ।[33] ਜੇ ਝੂਠੀ ਮਾਇਆ ਬ੍ਰਹਮ ਨੂੰ ਚਿੰਬੜੇ ਅਤੇ ਬ੍ਰਹਮ ਤੋਂ ਜ਼ਬਰਦਸਤੀ ਪ੍ਰਪੰਚ ਦੀ ਰਚਨਾ ਕਰਾ ਲਏ ਅਤੇ ਸਭ ਕੁਝ ਆਪਣੇ ਅਧੀਨ ਰਖੇ, ਅਜਿਹੇ ਮੰਦਬੁਧੀ ਬ੍ਰਹਮ ਤੋਂ ਕੀ ਲੈਣਾ ਹੈ?[34] ਸ਼ੰਕਰ ਦਾ ਸਿਧਾਂਤ

---

28 ਉਹੀ, ਪੰਨਾਂ 287.

29 ਡਾ.ਆਰ.ਡੀ ਨਿਰਾਕਾਰੀ, ਭਾਰਤੀ ਦਰਸ਼ਨ, ਪੰਨਾ270.

30 ਗੁਰਬਾਣੀ-ਵੇਦਾਂਤ ਨਿਰਣੈ, ਪੰਨਾ 50.

31 ਉਹੀ, ਪੰਨਾਂ,114.

32 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ294.

33 ਗੁਰਬਾਣੀ-ਵੇਦਾਂਤ ਨਿਰਣੈ, ਪੰਨਾਂ 75.

34 ਉਹੀ, ਪੰਨਾਂ74.

ਮਾਇਆ ਪ੍ਰਧਾਨ ਹੋਣ ਕਰਕੇ ਬ੍ਰਹਮ ਨੂੰ ਕਰਤਾ ਸਿਧ ਨਹੀਂ ਕਰਦਾ। ਕਰਤਾ ਹਰ ਤਰ੍ਹਾਂ ਨਾਲ ਸੁਤੰਤਰ ਹੁੰਦਾ ਹੈ ਪਰ ਵੇਦਾਂਤ ਵਿਚ ਮਾਇਆ ਹੀ ਕਰਤਾ ਹੈ।ਗਿਆਨੀ ਜੀ ਆਪਣੇ ਵਿਚਾਰ ਦੀ ਪ੍ਰੋੜਤਾ ਲਈ ਪੰਡਿਤ ਕਰਤਾਰ ਸਿੰਘ ਦਾਖਾ ਦਾ ਹਵਾਲਾ ਦਿੰਦੇ ਲਿਖਦੇ ਹਨ, ਵੇਦਾਂਤ ਦਾ ਬ੍ਰਹਮ ਤਾਂ ਦਿਹਾੜੀ ਭਰ ਦੇ ਜੰਮੇ ਕਟਰੂ ਵਾਂਗ ਵਿਟਰ-ਵਿਟਰ ਝਾਕਦਾ ਹੈ ਅਤੇ ਮਾਇਆ ਉਸ ਦੇ ਕੰਧੇ 'ਤੇ ਚੜ੍ਹ ਕੇ ਉਸੇ ਨੂੰ ਭਾਵ ਵਿਚ ਲੈ ਜਾ ਕੇ ਘਰ-ਘਰ ਨਚਾ ਰਹੀ ਹੈ।[35]

ਵੇਦਾਂਤ ਜੀਵ ਨੂੰ ਬ੍ਰਹਮ ਮੰਨਦਾ ਹੈ। ਵੇਦਾਂਤ ਇਸ ਗਲ ਤੇ ਜ਼ੋਰ ਦਿੰਦਾ ਹੈ ਕਿ ਮੈ ਬ੍ਰਹਮ ਹਾਂ, ਪਾਰਬ੍ਰਹਮ ਪਰਮੇਸ਼ਰ ਹਾਂ। ਗਿਆਨੀ ਜੀ ਅਹੰ ਬ੍ਰਹਮਾਸਮਿ ਮਹਾਂਵਾਕ ਦਾ ਅਰਥ ਕਰਦੇ ਲਿਖਦੇ ਹਨ 'ਅਹੰ' ਭਾਵ ਮੈਂ(ਜੀਵ) 'ਬ੍ਰਹਮ' ਭਾਵ 'ਈਸ਼ੂਰ' 'ਅਸਮਿ' ਭਾਵ ਹੈ ਭਾਵਾਰਥ ਲਕਸ਼ਣਾ ਨਾਲ 'ਮੈਂ ਬ੍ਰਹਮ ਹਾਂ'[36] ਗਿਆਨੀ ਜੀ ਵਿਚਾਰਸਾਗਰ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ 'ਤੂੰ ਜੀਵਪੁਣੇ ਵਾਲੀ ਦੀਨਤਾ(ਨਿਮ੍ਰਤਾ) ਦਾ ਤਿਆਗ ਕਰਕੇ ਆਪਣੇ ਸਰੂਪ ਦੀ ਪਛਾਣ ਕਰ, ਤੂੰ ਸ੍ਵਯੰ ਬ੍ਰਹਮ ਹੈ, ਅਬਿਨਾਸੀ ਸਰਵ ਦੇਵਤਿਆਂ ਦਾ ਸ਼੍ਰੋਮਣੀ ਹੈਂ'

ਦੀਨਤਾ ਕੋ ਤਿਆਗ ਨਰ, ਅਪਨੋ ਸ੍ਵਰੂਪ ਦੇਖਿ।
ਤੂੰ ਤੋ ਸ਼ੁਧ ਬ੍ਰਹਮ ਅਜ, ਦ੍ਰਿਸਯ ਕੋ ਪ੍ਰਕਾਸੀ ਹੈ।।

ਗੁਰਬਾਣੀ ਵਿਚ ਜੀਵ ਨੂੰ ਬ੍ਰਹਮ ਨਹੀਂ ਕਿਹਾ ਗਿਆ। ਗੁਰਬਾਣੀ ਜੀਵ ਨੂੰ ਪਰਮਾਤਮਾ ਦੀ ਅੰਸ਼ ਮੰਨਦੀ ਹੈ।ਸਾਰੇ ਜੀਵਾਂ ਵਿਚ ਅਕਾਲਪੁਰਖ ਦਾ ਨਿਵਾਸ ਹੈ। ਉਹ ਰੋਮ-ਰੋਮ ਵਿਚ ਰਮਿਆ ਹੈ। ਜਿਵੇਂ ਵਨਸਪਤੀ ਵਿਚ ਅਗਨਿ ਸਮਾਈ ਹੋਈ ਹੈ, ਜਿਵੇਂ ਦੁਧ ਵਿਚ ਘਿਉ ਸਮਾਇਆ ਹੋਇਆ ਹੈ, ਇਸ ਤਰ੍ਹਾਂ ਜਲ-ਥਲ, ਤ੍ਰਿਣ-ਬਣ, ਵਨਸਪਤੀ ਅਤੇ ਕੀੜੀ ਤੋਂ ਹਾਥੀ ਤਕ ਸਮ ਸਤਯਾ ਉਸੇ ਦੀ ਹੈ। ਇਹ ਜੀਵ ਉਸਦੀ ਅੰਸ਼ ਹੈ ਬ੍ਰਹਮ ਨਹੀਂ। ਸਾਰੇ ਜੀਅ- ਜੰਤ ਪਰਮਾਤਮਾ ਦੇ ਹੀ ਬਣਾਏ ਹੋਏ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।[37]

ਗਿਆਨੀ ਜੀ ਵੇਦਾਂਤ ਦੇ ਅਹੰਬ੍ਰਹਮਾਸਮ ਦੇ ਸਿਧਾਂਤ ਦੀ ਗੁਰਬਾਣੀ ਨਾਲੋਂ ਭਿੰਨਤਾ ਦਸਦੇ ਹੋਏ ਲਿਖਦੇ ਹਨ ਗੁਰਬਾਣੀ ਅਜਿਹਾ ਦਾਅਵਾ ਨਹੀਂ ਕੀਤਾ ਕਿ ਜੀਵ ਸ੍ਵੰਯ ਬ੍ਰਹਮ ਹੈ। ਗੁਰਬਾਣੀ ਦਾ ਸਿਧਾਂਤ ਹੈ ਕਿ ਜੀਵ ਪਾਰਬ੍ਰਹਮ ਦੀ ਅੰਸ਼ ਹੈ, ਸਰਬ ਪ੍ਰਾਣੀ ਮਾਤ੍ਰ ਵਿਚ ਵਾਹਿਗੁਰੂ ਦਾ ਨਿਵਾਸ ਹੈ।ਵੇਦਾਂਤ ਦਾ ਸਿਧਾਂਤ ਜੀਵ ਨੂੰ ਬ੍ਰਹਮ ਕਹਿ ਕੇ ਜਿਥੇ ਹਉਮੈ ਪੈਦਾ ਕਰਦਾ ਹੈ ਉਥੇ ਗੁਰਬਾਣੀ ਨਿਮਰਤਾ ਤੇ ਜ਼ੋਰ ਦਿੰਦੀ ਹੈ।

ਬ੍ਰਹਮ ਨਾਲ ਅਭੇਦ ਹੋਣ ਸੰਬੰਧੀ ਗੁਰਮਤਿ ਅਤੇ ਵੇਦਾਂਤ ਵਖੋ-ਵਖਰੇ ਸਾਧਨ ਸੁਝਾਂਦੇ ਹਨ। ਵੇਦਾਂਤ ਦਾ ਮੰਨਣਾ ਹੈ ਕਿ ਬ੍ਰਹਮ ਦੀ ਪ੍ਰਾਪਤੀ ਗਿਆਨ ਨਾਲ ਹੁੰਦੀ ਹੈ। ਵੇਦਾਂਤ ਕਰਮ ਕਰਨ ਦਾ ਖੰਡਨ ਕਰਦਾ ਹੈ। ਕਰਮ ਭਾਵੇ ਸ਼ੁਭ ਹੋਣ ਜਾਂ ਅਸ਼ੁਭ ਜਨਮ-ਮਰਨ ਦਾ ਕਾਰਨ ਬਣਦੇ ਹਨ। ਇਸ ਲਈ ਵੇਦਾਂਤ ਕਰਮ ਨਾ ਕਰਨ ਤੇ ਜ਼ੋਰ ਦਿੰਦਾ ਹੈ। ਕਰਮਾਂ ਦਾ ਤਿਆਗ ਕਰਕੇ ਹੀ ਵਿਅਕਤੀ ਵੇਦਾਂਤ ਵਿਦਿਆ ਦਾ ਅਧਿਕਾਰੀ ਬਣ ਸਕਦਾ ਹੈ। ਗਿਆਨ ਪ੍ਰਾਪਤੀ ਲਈ ਸੰਸਾਰ ਦਾ ਤਿਆਗ ਜਰੂਰੀ ਹੈ। ਗ੍ਰਹਿਸਥੀ ਨੂੰ ਗਿਆਨ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਹੈ। ਗਿਆਨੀ ਜੀ ਇਸ ਸੰਬੰਧ ਵਿਚ ਕਹਿੰਦੇ ਹਨ ਕਿ ਵੇਦਾਂਤ ਦਾ ਕਥਨ ਹੈ ਕਿ ਜੀਵ ਗਿਆਨ ਪ੍ਰਾਪਤ ਕਰ ਲੈਂਦਾ ਹੈ, ਉਸਦੇ ਸਰਵ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਵੇਦਾਂਤ ਦਾ ਗਿਆਨ ਤੋਂ ਭਾਵ ਵੇਦਾਂਤ ਵਿਚ ਪਰਿਪਕ ਵਿਸ਼ਵਾਸ ਹੋਣਾ।[38] ਪਰਮਾਤਮਾ ਦੀ ਪ੍ਰਾਪਤੀ ਸੰਬੰਧੀ ਗੁਰਬਾਣੀ ਦਾ ਸਿਧਾਂਤ ਵੇਦਾਂਤ ਨਾਲੋਂ ਭਿੰਨ ਹੈ। ਵੇਦਾਂਤ ਜਿਥੇ ਕਰਮਾਂ ਦਾ ਤਿਆਗ ਕਰਦਾ ਹੈ ਉਥੇ ਗੁਰਬਾਣੀ ਪ੍ਰਭੂ ਪ੍ਰਾਪਤੀ ਲਈ ਸ਼ੁਭ ਕਰਮਾਂ ਤੇ ਜ਼ੋਰ ਦਿੰਦੀ ਹੈ। ਗੁਰਬਾਣੀ ਸੇਵਾ, ਸਿਮਰਨ, ਪਰਉਪਕਾਰ, ਸ਼ੁਭ ਕਰਮਾਂ ਨੂੰ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਦੀ ਹੈ। ਗਿਆਨੀ ਜੀ ਦੇ ਅਨੁਸਾਰ ਵੇਦਾਂਤੀ ਕੋਈ ਕਰਮ ਕਰਨਾ ਜਨਮ-ਮਰਨ ਦੇ ਚਕਰ ਵਿਚ ਪੈਣਾ ਸਮਝਦਾ ਹੈ। ਗੁਰਸਿਖ ਪਰਉਪਕਾਰ ਸਮਝਦਾ ਹੈ। ਵੇਦਾਂਤੀ ਦੇ ਸਾਹਮਣੇ ਕੁਝ ਵੀ ਹੋ ਰਿਹਾ ਹੋਵੇ ਉਹ ਸ਼ਾਂਤ ਬੈਠਾ ਰਹੇਗਾ ਪਰ ਗੁਰਮਤਿ ਦਾ ਅਤਿਆਚਾਰ ਦੇ ਵਿਰੁਧ ਅਵਾਜ਼ ਉਠਾਏਗਾ।[39] ਗੁਰਮਤਿ ਵਿਚ ਸ਼ਰਧਾ, ਭਗਤੀ, ਨਾਮ, ਦਾਨ, ਇਸ਼ਨਾਨ, ਨਿਤਨੇਮ, ਸੇਵਾ, ਪਰਉਪਕਾਰ ਨੂੰ ਸਰਵਉਤਮ ਮੰਨਿਆ ਗਿਆ ਹੈ। ਵੇਦਾਂਤ ਗ੍ਰਹਿਸਥੀ ਨੂੰ ਮੋਕਸ਼ ਦਾ ਅਧਿਕਾਰੀ ਨਹੀਂ ਮੰਨਦੀ ਪਰ ਗੁਰਬਾਣੀ ਨੇ ਮੁਕਤੀ ਦਾ ਬੜਾ ਸਰਲ ਜਿਹਾ ਰਸਤਾ ਦਸਿਆ ਹੈ

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।।
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।।[40]

[35] ਓਹੀ, ਪੰਨਾਂ 76.
[36] ਉਹੀ, ਪੰਨਾਂ 116.
[37] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ1349
[38] ਗੁਰਬਾਣੀ-ਵੇਦਾਂਤ ਨਿਰਣੈ, ਪੰਨਾਂ 100.
[39] ਉਹੀ, ਪੰਨਾ 102
[40] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾਂ 522.

ਉਪਰੋਕਤ ਵਿਚਾਰ ਦਾ ਸਾਰ ਇਹ ਹੈ ਕਿ ਗਿਆਨੀ ਬਲਵੰਤ ਸਿੰਘ ਨੇ ਗੁਰਮਤਿ ਅਤੇ ਵੇਦਾਂਤ ਦੇ ਸਿਧਾਂਤਾਂ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਇਸ ਪੇਪਰ ਵਿਚ ਅਸੀਂ ਕੇਵਲ ਬ੍ਰਹਮ ਸੰਬੰਧੀ ਵਿਚਾਰਾਂ ਦਾ ਹੀ ਵਰਣਨ ਕੀਤਾ ਹੈ। ਦੋਨੋਂ ਮਤ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ। ਗੁਰਬਾਣੀ ਪਰਮਾਤਮਾ ਨੂੰ ਨਿਰਾਕਾਰ, ਆਪਣੇ ਆਪ ਤੋਂ ਵਿਕਸਿਤ, ਸ੍ਵੈ ਪ੍ਰਕਾਸ਼ ਵਾਲਾ ਮੰਨਦੀ ਹੈ। ਵੇਦਾਂਤ ਬ੍ਰਹਮ ਦੀ ਹੋਂਦ ਲਈ ਸ਼੍ਰੁਤੀ ਨੂੰ ਪ੍ਰਮਾਣ ਵਜੋਂ ਪੇਸ਼ ਕਰਦਾ ਹੈ। ਗੁਰਬਾਣੀ ਅਨੁਸਾਰ ਪਰਮਾਤਾ ਨਿਰਗੁਣ ਹੋ ਕੇ ਵੀ ਸਰਗੁਣ ਹੈ ਸਰਗੁਣ ਹੋ ਕੇ ਵੀ ਨਿਰਗੁਣ ਹੈ ਭਾਵ ਗੁਰਬਾਣੀ ਨੇ ਨਿਰਗੁਣ ਸਰਗੁਣ ਵਿਚ ਭੇਦ ਨਹੀਂ ਮੰਨਿਆ ਪਰ ਵੇਦਾਂਤ ਨਿਰਗੁਣ ਪਰਮਾਤਮਾ ਨੂੰ ਬ੍ਰਹਮ ਅਤੇ ਸਗੁਣ ਪਰਮਾਤਮਾ ਨੂੰ ਈਸ਼੍ਵਰ ਕਹਿੰਦਾ ਹੈ। ਈਸ਼੍ਵਰ ਜਾਂ ਸਗੁਣ ਵਿਚ ਤਬਦੀਲ ਹੋਣ ਲਈ ਵੇਦਾਂਤ ਕਾਫੀ ਜੋੜ-ਤੋੜ ਕਰਦਾ ਹੈ ਜਿਸ ਕਾਰਨ ਗਿਆਨੀ ਜੀ ਵੇਦਾਂਤ ਦੇ ਸਿਧਾਂਤ ਨੂੰ ਅਸਪਸ਼ਟ ਕਹਿ ਕਿ ਇਸਦਾ ਖੰਡਨ ਕਰਦੇ ਹਨ। ਗਿਆਨੀ ਜੀ ਨੇ ਗੁਰਬਾਣੀ ਅਤੇ ਵੇਦਾਂਤ ਵਿਚ ਭਿੰਨਤਾ ਦਰਸਾਉਂਦੇ ਹੋਏ ਗੁਰਬਾਣੀ ਨੂੰ ਸ੍ਰੇਸ਼ਟ ਦਸਿਆ ਹੈ। ਵੇਦਾਂਤ ਦਾ ਅਹੰਬ੍ਰਮਸਮ ਦਾ ਸਿਧਾਂਤ ਜੀਵ ਨੂੰ ਬ੍ਰਹਮ ਕਹਿੰਦਾ ਹੈ ਪਰ ਗੁਰਬਾਣੀ ਜੀਵ ਨੂੰ ਪਰਮਾਤਮਾ ਦੀ ਅੰਸ਼ ਮੰਨਦੀ ਹੈ। ਇਹ ਸਿਧਾਂਤ ਹਉਮੈ ਪੈਦਾ ਕਰਦਾ ਹੈ ਪਰ ਗੁਰਬਾਣੀ ਨਿਮਰਤਾ ਨੂੰ ਪਹਿਲ ਦਿੰਦੀ ਹੈ। ਵੇਦਾਂਤ ਜਗਤ ਰਚਨਾ ਲਈ ਮਾਇਆ ਦੁਅਰਾ ਈਸ਼੍ਵਰ ਦੀ ਉਤਪਤੀ ਕਰਕੇ ਉਸ ਤੋਂ ਜਗਤ ਰਚਨਾ ਕਰਵਾਉਂਦਾ ਹੈ ਪਰ ਗੁਰਬਾਣੀ ਦਾ ਪਾਰਬ੍ਰਹਮ ਸੁਤੰਤਰ ਹੈ ਅਤੇ ਉਸਨੇ ਆਪਣੇ ਹੁਕਮ ਵਿਚ ਸ੍ਰਿਸ਼ਟੀ ਰਚਨਾ ਕੀਤੀ ਹੈ। ਗੁਰਬਾਣੀ ਸੇਵਾ, ਸਿਮਰਨ, ਉਪਕਾਰ ਕਰਨ ਦਾ ਉਪਦੇਸ਼ ਦਿੰਦੀ ਹੈ ਪਰ ਵੇਦਾਂਤ ਕਰਮਾਂ ਦਾ ਤਿਆਗ ਕਰਦਾ ਹੈ। ਵੇਦਾਂਤ ਹਉਮੈ ਪੈਦਾ ਕਰਦਾ ਹੈ ਅਤੇ ਗੁਰਬਾਣੀ ਨਿਮਰਤਾ ਦੀ ਗਲ ਕਰਦੀ ਹੈ।